GENERAL SHIVDEV SINGH DIWAN GURBACHAN SINGH

# KHALSA COLLEGE PATIALA

## AN AUTONOMOS COLLEGE

SAHIT SABHA

PUNJABI DEPATMENT

Students Attendance in Co-curricular Activities

Session – 2017-18

Name of Activity - Poem recitation competition
Teacher Coordinator -Prof.Paramjit Kaur
Convener - - Dr.Davinder Singh
Date - 04. Sept. 2017
No. of the Students Participated – 54











# ਕਾਵਿ ਉਚਾਰਨ ਮੁਕਾਬਲੇ 'ਚ ਜਸਪ੍ਰੀਤ ਜੇਤੂ

**ਸਮਾਗਮ**

- ਖ਼ਾਲਸਾ ਕਾਲਜ 'ਚ ਕਵਿਤਾ ਉਚਾਰਨ ਮੁਕਾਬਲੇ ਕਰਵਾਏ
- ਕਾਵਿ-ਮੁਕਾਬਲੇ 'ਚ 25 ਵਿਦਿਆਰਥੀਆਂ ਨੇ ਲਿਆ ਹਿੱਸਾ

ਪੱਤਰ ਪ੍ਰੇਰਕ, ਪਟਿਆਲਾ : ਖ਼ਾਲਸਾ ਕਾਲਜ ਪਟਿਆਲਾ ਦੇ ਪੰਜਾਬੀ ਵਿਭਾਗ ਅਤੇ ਪੰਜਾਬੀ ਸਾਹਿਤ ਸਭਾ ਵੱਲੋਂ ਇੱਕ ਕਾਵਿ-ਉਚਾਰਨ ਮੁਕਾਬਲੇ ਕਰਵਾਏ ਗਏ। ਇਸ ਕਾਵਿ-ਮੁਕਾਬਲੇ 'ਚ ਵੱਖ-ਵੱਖ ਵਿਭਾਗਾਂ ਦੇ ਕਰੀਬ 25 ਵਿਦਿਆਰਥੀਆਂ ਨੇ ਭਾਗ ਲਿਆ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ. ਧਰਮਿੰਦਰ ਸਿੰਘ ਉੱਭਾ ਨੇ ਵਿਭਾਗ ਦੇ ਇਸ ਉੱਦਮ ਦੀ ਸ਼ਲਾਘਾ ਕੀਤੀ ਅਤੇ ਆਪਣੇ ਕਾਵਿ ਤਜਰਬਿਆਂ ਨੂੰ ਵਿਦਿਆਰਥੀਆਂ ਨਾਲ ਸਾਂਝੇ ਕੀਤਾ। ਇਸ ਮੌਕੇ ਪੰਜਾਬੀ ਵਿਭਾਗ ਦੇ ਮੁਖੀ ਪ੍ਰੋ. ਪਰਮਜੀਤ ਕੌਰ ਨੇ ਕਿਹਾ ਕਿ ਇਸ ਕਾਵਿ ਮੁਕਾਬਲੇ ਕਰਨ ਪਿੱਛੇ ਉਨ੍ਹਾਂ ਦਾ ਮਕਸਦ ਵਿਦਿਆਰਥੀਆਂ ਅੰਦਰ ਸਾਹਿਤ ਪ੍ਰਤੀ ਰੁਚੀ ਪੈਦਾ ਕਰਨਾ ਤੇ ਉਨ੍ਹਾਂ ਅੰਦਰ ਸਮਾਜਿਕ ਸਮੱਸਿਆਵਾਂ ਨੂੰ ਡੂੰਘਾਈ ਨਾਲ ਸਮਝਣ ਦੀ ਜਾਗਰੂਕਤਾ ਪੈਦਾ ਕਰਨਾ ਸੀ। ਪੰਜਾਬੀ ਸਾਹਿਤ ਸਭਾ ਦੇ ਕਨਵੀਨਰ ਡਾ. ਦਵਿੰਦਰ ਸਿੰਘ ਨੇ ਮੁਕਾਬਲੇ ਵਿੱਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ।

ਮੁਕਾਬਲੇ 'ਚ ਜੱਜ ਦੀ ਭੂਮਿਕਾ ਵਿਭਾਗ ਦੇ ਅਧਿਆਪਕ ਡਾ. ਪੁਸ਼ਪਿੰਦਰ ਕੌਰ ਅਤੇ ਪ੍ਰੋ. ਸੁਖਮੋਹਨ ਕੌਰ ਨੇ ਨਿਭਾਈ। ਇਸ ਕਾਵਿ-ਉਚਾਰਨ ਮੁਕਾਬਲੇ ਦੌਰਾਨ ਬੀ.ਐਸਸੀ. ਫਿਜ਼ਿਕਸ ਆਨਰਜ਼ ਭਾਗ ਤੀਜਾ ਦੀ ਵਿਦਿਆਰਥਣ ਜਸਪ੍ਰੀਤ ਕੌਰ ਨੇ ਪਹਿਲਾ, ਬੀ.ਐਸਸੀ. ਨਾਨ-ਮੈਡੀਕਲ ਭਾਗ ਦੂਜਾ ਦੇ ਵਿਦਿਆਰਥੀ ਨਵਜੋਤ ਸਿੰਘ ਨੇ ਦੂਜਾ ਸਥਾਨ ਅਤੇ ਐਮ.ਫਿਲ. ਪੰਜਾਬੀ ਦੇ ਵਿਦਿਆਰਥੀ ਰਣਧੀਰ ਸਿੰਘ ਤੇ ਬੀ.ਏ. ਆਨਰਜ਼ ਭਾਗ ਦੂਜਾ ਦੀ ਵਿਦਿਆਰਥਣ ਜਪਨਿਵਾਜ਼ ਨੇ ਤੀਸਰਾ ਸਥਾਨ ਹਾਸਲ ਕੀਤਾ। ਐਮ.ਏ. ਭਾਗ ਪਹਿਲਾ ਦੀ ਵਿਦਿਆਰਥਣ ਮਨਜੋਤ ਕੌਰ ਨੂੰ ਹੌਸਲਾ ਅਫ਼ਜਾਈ ਪੁਰਸਕਾਰ ਦਿੱਤਾ ਗਿਆ। ਪੰਜਾਬੀ ਸਾਹਿਤ ਸਭਾ ਵੱਲੋਂ ਇਹਨਾਂ ਜੇਤੂ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪੰਜਾਬੀ ਵਿਭਾਗ ਦੇ ਸਾਰੇ ਅਧਿਆਪਕ ਸਾਹਿਬਾਨ ਹਾਜ਼ਰ ਸਨ।



ਖ਼ਾਲਸਾ ਕਾਲਜ ਪਟਿਆਲਾ ਵੱਲੋਂ ਕਰਵਾਏ ਗਏ ਕਵਿਤਾ ਉਚਾਰਨ ਮੁਕਾਬਲੇ ਦੌਰਾਨ ਕਵਿਤਾ ਪੇਸ਼ ਕਰਦੀ ਹੋਈ ਵਿਦਿਆਰਥਣ ਜਸਪ੍ਰੀਤ ਕੌਰ।

# Poetry recitation competition

3/10 T

The Department of Punjabi and Punjabi Literary Society of Khalsa College, Patiala, organised a poetry recitation competition. As many as 25 students of various departments participated in the competition. Principal Dharminder Singh Ubha appreciated the enthusiasm of the students and also shared his own experience regarding the enjoyment of various aspects of poetry. He said in future, they would showcase the talent of skilful students in diverse forms on Youtube through the studio established at the Department of Music. Paramjeet Kaur, Head, PG Department of Punjabi, said such programmes not only bring out the latent potential of the students but also imbue in them the interest in poetry. Dr Davinder Singh, convener, Punjabi Literary Society, congratulated the participants of the competition. Jaspreet Kaur bagged first position, Navjot Kaur got second, Japnivaz and Randhir Singh secured third position while Manjot Kaur got consolatioin prize. Khalsa College also organised a guest lecture for the students of BVoc (Automobile) Part I and II and Advanced Diploma in Auto Electrical and Electronics Part I and II running under Dean Dyal Upadhyay Kaushal Kendra (UGC).